
# ਓਨਟਾਰਿਓ ਦੀ ਐਜੂਕੇਸ਼ਨ ਇਕਵਿਟੀ ਐਕਸ਼ਨ ਪਲਾਨ ਨੂੰ ਸਮਝਣਾ: ਮਾਪਿਆਂ ਲਈ ਤੱਥ ਸ਼ੀਟ




ਨਿਰਪੱਖਤਾ ਨੂੰ ਯਕੀਨੀ ਬਣਾਉਣਾ ਓਨਟਾਰਿਓ ਦੀ ਪਬਲਿਕ ਤੌਰ ਤੇ ਫੰਡ ਕੀਤੇ ਜਾਣ ਵਾਲੀ ਸਿੱਖਿਆ ਪ੍ਰਣਾਲੀ ਦਾ ਪ੍ਰਮੁੱਖ ਟੀਚਾ ਹੈ, ਜਿਵੇਂ ਕਿ *ਅਚੀਵਿੰਗ ਐਕਸੀਲੈਂਸ: ਏ ਰਿਨਿਊਡ ਵਿਜ਼ਨ ਫਾਰ ਐਜੂਕੇਸ਼ਨ ਇੰਨ ਓਨਟਾਰਿਓ* (2014) ਵਿੱਚ ਦੱਸਿਆ ਗਿਆ ਹੈ।

ਇਹ ਉਸ ਬੁਨਿਆਦੀ ਸਿਧਾਂਤ ਤੋਂ ਪੈਦਾ ਹੁੰਦਾ ਹੈ ਕਿ ਹਰ ਵਿਦਿਆਰਥੀ ਨੂੰ ਪਿਛੋਕੜ, ਪਛਾਣ ਜਾਂ ਨਿੱਜੀ ਹਾਲਾਤਾਂ ਦੀ ਪਰਵਾਹ ਕੀਤੇ ਬਿਨਾਂ ਨਿੱਜੀ ਅਤੇ ਅਕਾਦਮਿਕ ਤੌਰ ਤੇ ਕਾਮਯਾਬ ਹੋਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਨਿਰਪੱਖਤਾ ਉੱਤਮਤਾ ਪ੍ਰਾਪਤ ਕਰਨ ਤੋਂ ਲੈਕੇ ਭਲਾਈ ਨੂੰ ਵਧਾਵਾ ਦੇਣ ਅਤੇ ਸਾਡੀ ਸਿੱਖਿਆ ਪ੍ਰਣਾਲੀ ਵਿੱਚ ਜਨਤਕ ਵਿਸ਼ਵਾਸ ਨੂੰ ਵਧਾਉਣ ਤੱਕ, ਸਿੱਖਿਆ ਵਾਸਤੇ ਮਨਿਸਟਰੀ ਦੇ ਸੁਪਨੇ ਦੇ ਸਾਰੇ ਭਾਗਾਂ ਦੇ ਨਾਲ ਵੀ ਜੁੜੀ ਹੋਈ ਹੈ। ਇਹ ਵਿਦਿਆਰਥੀ ਅਨੁਭਵ ਦਾ ਜ਼ਰੂਰੀ ਹਿੱਸਾ, ਅਤੇ ਓਨਟਾਰਿਓ ਵਿੱਚ ਹਰ ਵਿਦਿਆਰਥੀ ਅਤੇ ਬੱਚੇ ਦੀ ਕਾਮਯਾਬੀ ਪ੍ਰਤੀ ਸਾਡੀ ਵਚਨਬੱਧਤਾ ਦੇ ਕੇਂਦਰ ਤੇ ਹੈ।

## ਐਜੂਕੇਸ਼ਨ ਇਕਵਿਟੀ ਐਕਸ਼ਨ ਪਲਾਨ:

**ਓਨਟਾਰਿਓ ਦੀ ਐਜੂਕੇਸ਼ਨ ਇਕਵਿਟੀ ਐਕਸ਼ਨ ਪਲਾਨ** ਸਕੂਲਾਂ ਅਤੇ ਕਲਾਸਰੂਮਾਂ ਵਿੱਚ ਪੱਖਪਾਤੀ ਅਮਲਾਂ, ਸੰਸਥਾਤਮਕ ਰੁਕਾਵਟਾਂ ਅਤੇ ਪੱਖਪਾਤ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਰਸਤਾ ਤਿਆਰ ਕਰਦੀ ਹੈ। ਇਹ ਪਲਾਨ ਮਨਿਸਟਰੀ ਨੂੰ ਸਾਰੇ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਭਲਾਈ ਨੂੰ ਬਿਹਤਰ ਸਹਾਰਾ ਦੇਣ ਦੇਵੇਗੀ। ਕੁਝ ਮਹੱਤਵਪੂਰਨ ਕਾਰਜਾਂ ਵਿੱਚ ਸ਼ਾਮਲ ਹਨ: ਸਭਿਆਚਾਰਕ ਰੂਪ ਨਾਲ ਜਵਾਬਦੇਹ ਪਾਠਕ੍ਰਮ ਅਤੇ ਸਿੱਖਿਆ ਦੇ ਅਮਲਾਂ ਨੂੰ ਯਕੀਨੀ ਬਣਾਉਣਾ, ਵੱਖ-ਵੱਖ ਕਮਿਊਨਟੀਆਂ ਨੂੰ ਪੇਰੈਂਟ ਇੰਨਵੌਲਵਮੈਂਟ ਕਮੇਟੀਆਂ (PICs) ਅਤੇ ਸਕੂਲ ਕਾਊਂਸਲਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਵਾਸਤੇ ਤਰੀਕਿਆਂ ਦੀ ਪਛਾਣ ਕਰਨਾ, ਅਤੇ ਸਿੱਖਿਆ ਪੇਸ਼ੇ ਦਾ ਪ੍ਰਸਾਰ ਕਰਨਾ ਅਤੇ ਘੱਟ- ਨੁਮਾਇੰਦਗੀ ਵਾਲੇ ਗਰੁੱਪਾਂ ਲਈ ਰੁਕਾਵਟਾਂ ਨੂੰ ਹਟਾਉਣਾ।

ਮਨਿਸਟਰੀ ਦੀ 2009 ਦੀ ਇਕਵਿਟੀ ਐਂਡ ਇੰਨਕਲੂਸਿਵ ਐਜੂਕੇਸ਼ਨ ਸਟ੍ਰੈਟੇਜੀ ਤੇ ਅੱਗੇ ਕੰਮ ਕਰਦੇ ਹੋਏ, ਇਹ ਤਿੰਨ – ਸਾਲਾ ਪਲਾਨ, ਜਿਹੜੀ 2017-18 ਦੇ ਸਕੂਲੀ ਸਾਲ ਦੇ ਨਾਲ ਸ਼ੁਰੂ ਹੁੰਦੀ ਹੈ, ਵਿੱਚ ਕਾਰਜ ਪਲਾਨ ਨੂੰ ਹੋਂਦ ਵਿੱਚ ਲਿਆਉਣ ਲਈ ਵਿਦਿਆਰਥੀਆਂ, ਮਾਪਿਆਂ, ਸਿੱਖਿਅਕਾਂ, ਪ੍ਰਿੰਸੀਪਲਾਂ, ਬੋਰਡ ਦੇ ਸਟਾਫ, ਟ੍ਰਸਟੀਆਂ ਅਤੇ ਕਮਿਊਨਿਟੀ ਲੀਡਰਾਂ ਦੇ ਨਾਲ ਕੰਮ ਕਰਨਾ ਸ਼ਾਮਲ ਹੈ। ਅਸੀਂ ਇਕੱਠੇ ਮਿਲ ਕੇ ਓਨਟਾਰਿਓ ਦੇ ਸਕੂਲਾਂ ਵਿੱਚ ਸਿੱਖਣ ਦੇ ਅਜਿਹੇ ਮਾਹੌਲਾਂ ਦਾ ਨਿਰਮਾਣ ਕਰਨਾ ਜਾਰੀ ਰੱਖ ਸਕਦੇ ਹਾਂ ਜਿਹੜੇ ਹਰ ਬੱਚੇ ਅਤੇ ਵਿਦਿਆਰਥੀ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਅਤੇ ਨਿੱਜੀ ਤੌਰ ਤੇ ਕਾਮਯਾਬ, ਆਰਥਿਕ ਤੌਰ ਤੇ ਉਤਪਾਦਕ ਅਤੇ ਸਰਗਰਮੀ ਨਾਲ ਰੁਝੇ ਹੋਏ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ।

ਕਾਰਜ ਪਲਾਨ ਵਿੱਚ ਵਰਣਨ ਕੀਤੇ ਗਏ ਟੀਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਲਈ, ਮਨਿਸਟਰੀ ਆਫ ਐਜੂਕੇਸ਼ਨ ਨੇ **ਐਜੂਕੇਸ਼ਨ ਇਕਵਿਟੀ ਸੈਕਰੇਟੇਰਿਅਟ** ਬਣਾਇਆ ਹੈ। ਸੈਕਰੇਟੇਰਿਅਟ ਫਾਸਲਿਆਂ ਨੂੰ ਖਤਮ ਕਰਨ ਅਤੇ ਨਵੀਆਂ ਨੀਤੀਆਂ, ਸਾਧਨਾਂ ਅਤੇ ਪ੍ਰੋਗਰਾਮ ਵਿਕਲਪਾਂ ਰਾਹੀਂ ਅਤੇ ਅਜਿਹੇ ਅਸਲੀ ਟੀਚੇ, ਜਿਹੜੇ ਸਾਰੇ ਵਿਦਿਆਰਥੀਆਂ ਦੀ ਮਦਦ ਕਰਨਗੇ, ਦੇ ਨਾਲ ਓਨਟਾਰਿਓ ਦੇ ਵਿਦਿਆਰਥੀਆਂ ਲਈ ਪ੍ਰਾਪਤੀ ਵਿੱਚ ਅਸਮਾਨਤਾਵਾਂ ਨਾਲ ਨਜਿੱਠਣ ਵਾਸਤੇ ਕੰਮ ਕਰੇਗਾ।

ਅਨੁਭਵ ਸਾਨੂੰ ਦਿਖਾਉਂਦਾ ਹੈ ਕਿ ਜਦੋਂ ਅਸੀਂ ਘੱਟ ਸੰਖਿਆ ਵਾਲੇ ਸਪਸ਼ਟ ਕਾਰਜਾਂ ਤੇ ਧਿਆਨ ਕੇਂਦਰਿਤ ਕਰਦੇ ਹਾਂ, ਤਾਂ ਸਾਨੂੰ ਸਾਡੇ ਉਦੇਸਾਂ ਦੀ ਪ੍ਰਾਪਤੀ ਵਿੱਚ ਜਿਆਦਾ ਕਾਮਾਯਾਬੀ ਮਿਲਦੀ ਹੈ ਅਤੇ ਅਸੀਂ ਸਾਡੇ ਪ੍ਰਭਾਵ ਨੂੰ ਬਿਹਤਰ ਟ੍ਰੈਕ ਕਰ ਸਕਦੇ ਹਾਂ। ਓਨਟਾਰਿਓ ਦੀ ਐਜੂਕੇਸ਼ਨ ਇਕਵਿਟੀ ਐਕਸ਼ਨ ਪਲਾਨ ਖਾਸ ਕਾਰਜਾਂ ਵਾਲੇ ਚਾਰ ਖੇਤਰ ਤੈਅ ਕਰਦੀ ਹੈ ਜਿਹੜੇ ਸਾਨੂੰ ਸਿੱਖਿਆ ਪ੍ਰਣਾਲੀ ਵਿੱਚ ਨਿਰੰਤਰ ਪੱਖਪਾਤ ਦਾ ਸਾਮ੍ਹਣਾ ਕਰਨ ਵਿੱਚ ਮਦਦ ਕਰਨਗੇ - ਇਹ ਸਾਰਾ ਕੁਝ ਵਿਦਿਆਰਥੀਆਂ ਦੀ ਭਲਾਈ ਅਤੇ ਪ੍ਰਾਪਤੀ ਨੂੰ ਸੁਧਾਰਨ ਦੇ ਟੀਚੇ ਦੇ ਨਾਲ।

## ਪਲਾਨ ਵਿਚਲੇ ਕਾਰਜ ਖੇਤਰ:

- **ਸਕੂਲ ਅਤੇ ਕਲਾਸਰੂਮ ਦੇ ਅਮਲ** – ਇਹ ਯਕੀਨੀ ਬਣਾਉਂਦੇ ਹੋਏ ਕਿ ਸਕੂਲ ਅਤੇ ਕਲਾਸਰੂਮ ਦੇ ਅਮਲ ਸਾਰੇ ਵਿਦਿਆਰਥੀਆਂ ਅਤੇ ਸਟਾਫ ਦੀ ਵਿਭਿੰਨਤਾ ਨੂੰ ਦਰਸਾਉਂਦੇ ਹਨ ਅਤੇ ਉਨ੍ਹਾਂ ਲਈ ਜਵਾਬਦੇਹ ਹਨ, ਤਾਂ ਕਿ ਉਹ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਅਤੇ ਅਸਲੀਅਤਾਂ ਨੂੰ ਦਰਸਾਉਣ। ਇਹ ਸਿਰੇ ਚਾੜ੍ਹਨ ਦਾ ਇੱਕ ਤਰੀਕਾ, ਸਿੱਖਿਆ ਪਾਰਟਨਰਾਂ, ਵਿਦਿਆਰਥੀਆਂ, ਮਾਪਿਆਂ ਅਤੇ ਕਮਿਊਨਟੀਆਂ ਦੇ ਨਾਲ ਸਾਡੇ ਸਿਸਟਮ ਵਿੱਚ ਸ਼ਾਮਲ ਸੰਸਥਾਤਮਕ ਰੁਕਾਵਟਾਂ ਦਾ ਨਿਰੀਖਣ ਕਰਨ ਅਤੇ ਉਨ੍ਹਾਂ ਨਾਲ ਨਿਪਟਣ ਦਾ ਕੰਮ ਕਰਨਾ ਹੋਏਗਾ, ਤਾਂ ਕਿ ਜ਼ਿਆਦਾ ਵਿਦਿਆਰਥੀ ਕੰਮ, ਕਾਲਜ, ਸਿਖਾਂਦਰੂਪੁਣੇ (apprenticeship) ਜਾਂ ਯੂਨੀਵਰਸਿਟੀ ਤੱਕ ਉਨ੍ਹਾਂ ਦੇ ਚੁਣੇ ਹੋਏ ਰਸਤਿਆਂ ਨੂੰ ਪ੍ਰਾਪਤ ਕਰ ਅਤੇ ਉਨ੍ਹਾਂ ਤੇ ਜੁਟੇ ਰਹਿ ਸਕਣ।
- **ਅਗਵਾਈ, ਸ਼ਾਸਨ ਪ੍ਰਣਾਲੀ ਅਤੇ ਹਿਊਮਨ ਰਿਸੋਰਸ ਅਮਲ** - ਇਹ ਯਕੀਨੀ ਬਣਾਉਂਦੇ ਹੋਏ ਕਿ ਓਨਟਾਰਿਓ ਦੇ ਸਕੂਲਾਂ ਵਿੱਚ ਅਧਿਆਪਕਾਂ, ਸਟਾਫ ਅਤੇ ਸਕੂਲ ਸਿਸਟਮ ਦੇ ਆਗੂਆਂ ਦੀ ਵਿਭਿੰਨਤਾ ਉਸਦੇ ਸਿੱਖਿਅਕਾਂ, ਅਤੇ ਸਕੂਲ ਅਤੇ ਸਿਸਟਮ ਦੇ ਆਗੂਆਂ ਦੀ ਭਰਤੀ, ਉਨ੍ਹਾਂ ਨੂੰ ਹਾਇਰ ਕਰਨ ਅਤੇ ਉਨ੍ਹਾਂ ਦੀ ਤਰੱਕੀ ਰਾਹੀਂ ਉਨ੍ਹਾਂ ਦੇ ਵਿਦਿਆਰਥੀਆਂ ਦੀ ਵਿਭਿੰਨਤਾ ਨੂੰ ਦਰਸਾਉਂਦੀ ਹੈ। ਇਸ ਦਾ ਇੱਕ ਉਦਾਹਰਣ ਡਾਇਰੈਕਟਰਾਂ ਦੁਆਰਾ ਨਿਰਪੱਖਤਾ ਸੰਬੰਧੀ ਟੀਚਿਆਂ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਤਰੱਕੀ ਬਾਰੇ ਰਿਪੋਰਟ ਕਰਨ ਵਾਸਤੇ ਉਨ੍ਹਾਂ ਦੀਆਂ ਸਾਲਾਨਾ ਰਿਪੋਰਟਾਂ ਨੂੰ ਵਰਤੇ ਜਾਣ ਦੀ ਲੋੜ ਹੈ।
- **ਡਾਟਾ ਇਕੱਠਾ ਕਰਨਾ, ਏਕੀਕਰਨ ਅਤੇ ਰਿਪੋਰਟਿੰਗ** – ਜਨ ਸੰਖਿਆ ਸੰਬੰਧੀ ਡਾਟਾ ਇਕੱਠਾ ਕਰਨਾ ਅਤੇ ਵਿਸ਼ਲੇਸ਼ਣ ਕਰਨਾ ਇਸ ਗੱਲ ਦੀ ਜ਼ਿਆਦਾ ਸਪਸ਼ਟ ਸਮਝ ਮੁਹੱਈਆ ਕਰੇਗਾ ਕਿ ਓਨਟਾਰਿਓ ਦੇ ਵਿਦਿਆਰਥੀ ਅਤੇ ਸਟਾਫ ਕੌਣ ਹਨ, ਜੋ ਸਾਡੇ ਸਕੂਲ ਅਤੇ ਸਿਸਟਮ ਦੇ ਆਗੂਆਂ ਨੂੰ ਵਿਦਿਆਰਥੀਆਂ ਦੀ ਕਾਮਯਾਬੀ ਵਿੱਚ ਰੁਕਾਵਟਾਂ ਨੂੰ ਜ਼ਿਆਦਾ ਸਹੀ ਢੰਗ ਨਾਲ ਸੰਬੋਧਤ ਕਰਨ ਦੇ ਯੋਗ ਬਣਾਏਗਾ। ਵਲੰਟੀਅਰ ਤੌਰ 'ਤੇ ਇਕੱਠੇ ਕੀਤੇ ਜਾਣ ਵਾਲੇ ਡਾਟੇ ਵਿੱਚ ਕੇਵਲ ਨਸਲ ਅਤੇ ਜਾਤ ਹੀ ਨਹੀਂ, ਧਰਮ, ਲਿੰਗੀ ਰੁਝਾਨ ਅਤੇ ਲਿੰਗੀ ਪਛਾਣ ਵੀ ਸ਼ਾਮਲ ਹੋਣਗੇ। ਕਾਰਜ ਪਲਾਨ ਯਕੀਨੀ ਬਣਾਏਗੀ ਕਿ ਡਾਟਾ ਸੰਗ੍ਰਹਿ ਐਜੂਕੇਸ਼ਨ ਸੈਕਟਰ ਦੇ ਮੁਤਾਬਕ ਹਨ ਅਤੇ ਸਕੂਲ ਬੋਰਡ ਦੇ ਵਿਸ਼ਲੇਸ਼ਣ ਲਈ ਸਹਾਰਾ ਮੁਹੱਈਆ ਕਰਦੇ ਹਨ। ਡਾਟੇ ਨੂੰ ਲੋਕਲ ਫੈਸਲਾ ਲੈਣ ਨੂੰ ਸੂਚਿਤ ਕਰਨ ਲਈ ਵਰਤਿਆ ਜਾਏਗਾ।
- **ਸੰਗਠਨ ਦੇ ਸਭਿਆਚਾਰ ਸੰਬੰਧੀ ਪਰਿਵਰਤਨ** - ਇਹ ਯਕੀਨੀ ਬਣਾਉਂਦੇ ਹੋਏ ਕਿ ਸਿਸਟਮ ਦੇ ਆਗੂ, ਸਿੱਖਿਅਕ, ਸਟਾਫ ਅਤੇ ਵਿਦਿਆਰਥੀ ਅਜਿਹੇ ਵਾਤਾਵਰਨ ਬਣਾਉਣ ਅਤੇ ਉਨ੍ਹਾਂ ਨੂੰ ਜਾਰੀ ਰੱਖਣ ਪ੍ਰਤੀ ਵਚਨਬੱਧ ਹਨ ਜਿਹੜੇ ਨਿਰਪੱਖ ਅਤੇ ਸ਼ਾਮਲ ਕਰਕੇ ਚੱਲਣ ਵਾਲੀ ਸਿੱਖਿਆ ਪ੍ਰਣਾਲੀ ਨੂੰ ਸਹਾਰਾ ਦਿੰਦੇ ਹਨ। ਇਹ, ਇਹ ਯਕੀਨੀ ਬਣਾਉਣ ਲਈ ਇੱਕ ਜ਼ਰੂਰੀ ਸ਼ਰਤ ਹੈ ਕਿ ਓਨਟਾਰਿਓ ਦੇ ਸਾਰੇ ਵਿਦਿਆਰਥੀ ਇਸ ਦਾ ਹਿੱਸਾ, ਸਨਮਾਨਿਤ ਅਤੇ ਕਾਮਯਾਬ ਹੋਣ ਦੇ ਕਾਬਲ ਮਹਿਸੂਸ ਕਰਦੇ ਹਨ। ਇਸ ਕੰਮ ਦੇ ਹਿੱਸੇ ਵਿੱਚ ਸ਼ਾਮਲ ਹੋਏਗਾ ਮਨਿਸਟਰੀ ਆਫ਼ ਐਜੂਕੇਸ਼ਨ ਦੇ ਢਾਂਚਿਆਂ, ਨੀਤੀਆਂ, ਪ੍ਰੋਗਰਾਮਾਂ ਅਤੇ ਅਮਲਾਂ ਵਿੱਚ ਕੋਈ ਵੀ ਪੱਖਪਾਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਇੱਕ ਸਮੀਖਿਆ ਕਰਨਾ।

## ਇਸ ਤੋਂ ਅੱਗੇ:

ਨਿਰਪੱਖਤਾ ਵੱਲ ਓਨਟਾਰਿਓ ਦੇ ਰਸਤੇ ਨੂੰ ਕਈ ਹਜ਼ਾਰ ਉੱਘੇ ਸਿੱਖਿਅਕਾਂ, ਵਿਦਿਆਰਥੀਆਂ ਅਤੇ ਮਾਪਿਆਂ ਦੇ ਯੋਗਦਾਨਾਂ ਤੋਂ ਸਹਾਰਾ ਮਿਲਣਾ ਜਾਰੀ ਰਹੇਗਾ। ਭਾਵੇਂ ਅਸੀਂ ਇਕੱਠੇ ਮਿਲ ਕੇ ਮਹਾਨ ਕਦਮ ਚੁੱਕੇ ਹਨ, ਇਹ ਸਾਫ ਹੈ ਕਿ ਹੋਰ ਕੰਮ ਕਰਨਾ ਬਾਕੀ ਹੈ।

ਨਿਰਪੱਖਤਾ ਨੂੰ ਯਕੀਨੀ ਬਣਾਉਣਾ ਵਿਦਿਆਰਥੀਆਂ ਦੀ ਪ੍ਰਾਪਤੀ, ਵਿਦਿਆਰਥੀਆਂ ਅਤੇ ਸਟਾਫ ਦੀ ਭਲਾਈ ਨੂੰ ਸੁਧਾਰਨ ਅਤੇ ਪਬਲਿਕ ਤੌਰ 'ਤੇ ਫੰਡ ਕੀਤੇ ਜਾਣ ਵਾਲੀ ਸਿੱਖਿਆ ਪ੍ਰਣਾਲੀ ਵਿੱਚ ਵਿਸ਼ਵਾਸ ਵਧਾਉਣ ਲਈ ਜ਼ਰੂਰੀ ਬੁਨਿਆਦ ਹੈ। *ਸ੍ਰੇਸ਼ਟਤਾ ਪ੍ਰਾਪਤ ਕਰਨਾ* ਇੱਕ ਜੋਸ਼ ਵਾਲਾ ਸੁਪਨਾ ਹੈ ਜਿਹੜਾ ਸਿੱਖਿਆ ਪ੍ਰਣਾਲੀ ਨੂੰ ਅਕਾਦਮਿਕ ਤੌਰ ਤੇ ਕਾਮਯਾਬ ਵਿਦਿਆਰਥੀਆਂ ਨੂੰ ਗ੍ਰੈਜੂਏਟ ਕਰਨ ਲਈ ਚੁਣੌਤੀ ਦਿੰਦਾ ਹੈ, ਜਿਹੜੇ ਮਜ਼ਬੂਤ ਅਤੇ ਰੁਝੇ ਹੋਏ, ਸਨੇਹੀ, ਵਿਸ਼ਵਾਸਪੂਰਨ ਅਤੇ ਕਾਬਲ ਨਾਗਰਿਕ ਵੀ ਹਨ।

*ਮਨਿਸਟਰੀ ਆਫ ਐਜੂਕੇਸ਼ਨ ਓਨਟਾਰਿਓ ਦੇ ਪਬਲਿਕ ਤੌਰ ਤੇ ਫੰਡ ਕੀਤੇ ਜਾਣ ਵਾਲੇ ਸਕੂਲਾਂ ਵਿੱਚ ਨਿਰਪੱਖਤਾ ਲਈ ਕਿਵੇਂ ਕੰਮ ਕਰ ਰਹੀ ਹੈ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇਹ ਦੇਖੋ:* **ontario.ca/educationequity**

ISBN 978-1-4868-0648-5 (Print) • ISBN 978-1-4868-0656-0 (PDF) (Punjabi) © Queen's Printer for Ontario, 2017